**NOKIA**

# **ਹੈਲਪਲਾਈਨ ਲਈ ਔਨਲਾਈਨ ਨੋਟਿਸ**

Nokia ਹਰ ਉਸ ਵਿਅਕਤੀ ਨੂੰ ਸੱਦਾ ਦਿੰਦੀ ਹੈ, ਜਿਸ ਨੂੰ ਗਲਤ ਜਾਂ ਗੈਰ-ਕਨੂੰਨੀ ਵਿਵਹਾਰ ਬਾਰੇ ਚਿੰਤਾ ਹੈ ਜਾਂ ਇਸ ਸੰਬੰਧੀ ਕੋਈ ਜਾਣਕਾਰੀ ਹੈ, ਉਹ ਅਜਿਹੀਆਂ ਚਿੰਤਾਵਾਂ ਕੰਪਨੀ ਨਾਲ ਸਾਂਝੀਆਂ ਕਰ ਸਕਦਾ ਹੈ। ਚਿੰਤਾਵਾਂ ਸਾਂਝੀਆਂ ਕਰਨ ਦੀ ਸਹੂਲਤ ਦੇਣ ਲਈ Nokia ਨੇ ਕਾਰੋਬਾਰ ਸਦਾਚਾਰ ਹੈਲਪਲਾਈਨ (Business Ethics Helpline) ("**ਹੈਲਪਲਾਈਨ**") ਸਮੇਤ ਹੋਰ ਵੀ ਕਈ ਸਾਰੇ ਰਿਪੋਰਟਿੰਗ ਚੈਨਲ ਸਥਾਪਿਤ ਕੀਤੇ ਹਨ, ਜੋ Nokia Corporation ਅਤੇ ਇਸ ਦੀਆਂ ਸਹਿਯੋਗੀ ਕੰਪਨੀਆਂ ("**Nokia**", "**ਅਸੀਂ**", "**ਸਾਡੇ**" "**ਅਸੀਂ ਸਭ**") ਵੱਲੋਂ ਉਪਲਬਧ ਕਰਵਾਏ ਗਏ ਹਨ।

ਇਸ ਔਨਲਾਈਨ ਨੋਟਿਸ ਵਿੱਚ ਸਮਝਾਇਆ ਗਿਆ ਹੈ ਕਿ ਅਸੀਂ ਹੈਲਪਲਾਈਨ ਦੇ ਸੰਬੰਧ ਵਿੱਚ ਨਿੱਜੀ ਡੇਟਾ ਕਿਵੇਂ ਇਕੱਤਰ ਕਰਦੇ ਹਾਂ, ਕਿਵੇਂ ਵਰਤਦੇ ਹਾਂ ਅਤੇ ਕਿਵੇਂ ਕਿਸੇ ਹੋਰ ਨਾਲ ਸਾਂਝਾ ਕਰਦੇ ਹਾਂ। ਨਿੱਜੀ ਡੇਟਾ ਮਤਲਬ ਹੈਲਪਲਾਈਨ ਰਾਹੀਂ ਦਿੱਤੀ ਉਹ ਹਰ ਜਾਣਕਾਰੀ, ਜਿਸ ਨਾਲ ਕਿਸੇ ਵਿਅਕਤੀ ਦੀ ਪਛਾਣ ਹੁੰਦੀ ਹੈ ਜਾਂ ਪਛਾਣ ਹੋ ਸਕਦੀ ਹੈ।

ਇਸ ਔਨਲਾਈਨ ਨੋਟਿਸ ਵਿੱਚ ਯੂਰਪੀ ਯੂਨੀਅਨ ਅਤੇ ਹੋਰਨਾਂ ਦੇਸ਼ਾਂ ਵਿੱਚ ਰਹਿੰਦੇ ਵਿਅਕਤੀਆਂ ਲਈ ਲਾਗੂ ਹੁੰਦੇ ਅਧਿਕਾਰ ਵੀ ਨਿਰਧਾਰਤ ਕੀਤੇ ਗਏ ਹਨ। ਅਧਿਕਾਰ ਅਤੇ ਅਭਿਆਸ ਉਸ ਦੇਸ਼ ਦੇ ਸਥਾਨਕ ਅਭਿਆਸਾਂ ਅਤੇ ਕਨੂੰਨੀ ਸ਼ਰਤਾਂ ਦੇ ਮੁਤਾਬਕ ਵੱਖੋ-ਵੱਖ ਹੋ ਸਕਦੇ ਹਨ, ਜਿੱਥੇ ਅਸੀਂ ਕੰਮ ਕਰਦੇ ਹਾਂ।

## **ਕੌਣ ਰਿਪੋਰਟ ਕਰ ਸਕਦਾ ਹੈ**

ਆਮ ਤੌਰ 'ਤੇ, ਇਸ ਹੈਲਪਲਾਈਨ ਦੀ ਵਰਤੋਂ ਹਰ ਉਹ ਵਿਅਕਤੀ (ਇਸ ਵਿੱਚ Nokia ਦੇ ਕਰਮਚਾਰੀ ਅਤੇ ਗੈਰ-ਕਰਮਚਾਰੀ ਸ਼ਾਮਲ ਹਨ) ਕਰ ਸਕਦਾ ਹੈ, ਜਿਸ ਕੋਲ ਗਲਤ ਜਾਂ ਗੈਰ-ਕਨੂੰਨੀ ਵਿਵਹਾਰ ਦੀ ਜਾਣਕਾਰੀ ਹੈ ਜਾਂ ਫਿਰ ਉਸ ਨਾਲ ਜੁੜੀ ਕੋਈ ਚਿੰਤਾ ਹੈ।

## **ਯੂਰਪੀ ਯੂਨੀਅਨ ਵਿੱਚ ਕੌਣ ਰਿਪੋਰਟ ਕਰ ਸਕਦਾ ਹੈ**

ਯੂਰਪੀ ਯੂਨੀਅਨ ਵਿੱਚ, ਇਸ ਹੈਲਪਲਾਈਨ ਦੀ ਵਰਤੋਂ ਹਰ ਉਹ ਵਿਅਕਤੀ ਕਰ ਸਕਦਾ ਹੈ, ਜਿਸ ਕੋਲ ਕੰਮ ਦੇ ਸਿਲਸਿਲੇ ਵਿੱਚ ਕਨੂੰਨ ਦੇ ਉਲੰਘਣ ਸੰਬੰਧੀ ਜਾਣਕਾਰੀ ਹੁੰਦੀ ਹੈ (ਜਿਵੇਂ ਕਿ ਮੌਜੂਦਾ ਅਤੇ ਪੁਰਾਣੇ ਕਰਮਚਾਰੀਆਂ, ਸਲਾਹਕਾਰਾਂ, ਸੁਤੰਤਰ ਠੇਕੇਦਾਰਾਂ, ਨੌਕਰੀ ਦੇ ਬਿਨੈਕਾਰ, ਸਪਲਾਈਰ, ਸ਼ੇਅਰਧਾਰਕ, ਵਲੰਟੀਅਰ, ਫ੍ਰੀਲਾਂਸਰ) ਵੱਲੋਂ ਉਲੰਘਣ ਸੰਬੰਧੀ ਉਪਲਬਧ ਕਰਵਾਈਆਂ ਗਈਆਂ ਰਿਪੋਰਟਾਂ)।

## **ਰਿਪੋਰਟ ਕੀਤੀਆਂ ਜਾ ਸਕਦੀਆਂ ਚਿੰਤਾਵਾਂ**

**ਆਮ ਤੌਰ 'ਤੇ ਇਸ ਹੈਲਪਲਾਈਨ ਦੀ ਵਰਤੋਂ** ਇਮਾਨਦਾਰੀ ਨਾਲ ਜੁੜੀਆਂ ਚਿੰਤਾਵਾਂ ਦੀ ਰਿਪੋਰਟ ਕਰਨ ਲਈ ਕੀਤੀ ਜਾ ਸਕਦੀ ਹੈ, ਇਸ ਵਿੱਚ ਰਿਸ਼ਵਤਖੋਰੀ, ਭ੍ਰਿਸ਼ਟਾਚਾਰ, ਹਿਸਾਬ-ਕਿਤਾਬ (ਸਮੇਤ ਅੰਦਰੂਨੀ ਹਿਸਾਬ-ਕਿਤਾਬ ਨਿਯੰਤਰਣ), ਔਡਿਟ ਨਾਲ ਜੁੜੇ ਮਸਲੇ, ਬੈਂਕ ਅਤੇ ਵਿੱਤੀ ਅਪਰਾਧ ਨਾਲ ਜੁੜੀਆਂ ਚਿੰਤਾਵਾਂ ਵੀ ਸ਼ਾਮਲ ਹਨ।

**ਯੂਰਪੀ ਯੂਨੀਅਨ ਵਿੱਚ**, ਇਸ ਹੈਲਪਲਾਈਨ ਦੀ ਵਰਤੋਂ ਯੂਰਪੀ ਯੂਨੀਅਨ ਕਨੂੰਨ ਦੀਆਂ ਉਲੰਘਣਾਵਾਂ ਦੀ ਰਿਪੋਰਟ ਕਰਨ ਲਈ ਕੀਤੀ ਜਾ ਸਕਦੀ ਹੈ, ਇਸ ਵਿੱਚ ਸ਼ਾਮਲ ਹਨ: ਸਰਕਾਰੀ ਖਰੀਦ, ਵਿੱਤੀ ਸੇਵਾਵਾਂ, ਉਤਪਾਦ ਅਤੇ ਬਜ਼ਾਰ, ਕਾਲੇ ਧਨ ਨੂੰ

ਸਫੇਦ ਕਰਨ ਅਤੇ ਅੱਤਵਾਦੀ ਗਤੀਵਿਧੀਆਂ ਲਈ ਪੈਸਿਆਂ ਦੇ ਇੰਤਜ਼ਾਮ ਦੀ ਰੋਕਥਾਮ, ਵਾਤਾਵਰਣ ਦੀ ਰੱਖਿਆ, ਉਪਭੋਗਤਾ ਦੀ ਰੱਖਿਆ, ਯੂਰਪੀ ਯੂਨੀਅਨ ਦੇ ਵਿੱਤੀ ਹਿੱਤਾਂ ਜਾਂ ਫਿਰ ਅੰਦਰੂਨੀ ਬਜ਼ਾਰ (ਜਿਵੇਂ ਕਿ ਮੁਕਾਬਲਾ ਅਤੇ ਰਾਜ ਸਹਾਈ ਨਿਯਮ) ਦੇ ਵਿੱਤੀ ਹਿੱਤਾਂ 'ਤੇ ਅਸਰ ਪਾਉਣ ਵਾਲੀਆਂ ਉਲੰਘਣਾਵਾਂ, ਰੈਡੀਏਸ਼ਨ ਤੋਂ ਰੱਖਿਆ ਅਤੇ ਨਿਊਕਲੀਅਰ ਸੁਰੱਖਿਆ, ਭੋਜਨ ਸੁਰੱਖਿਆ, ਪਸ਼ੂ ਸਿਹਤ ਅਤੇ ਭਲਾਈ ਅਤੇ ਪਰਦੇਦਾਰੀ ਦੀ ਰੱਖਿਆ, ਡੇਟਾ ਰੱਖਿਆ ਅਤੇ ਡੇਟਾ ਸੁਰੱਖਿਆ।

ਉੱਪਰ ਦਿੱਤਿਆਂ ਤੋਂ ਇਲਾਵਾ, ਹੇਠਾਂ ਦਿੱਤੇ ਦੇਸ਼ਾਂ ਵਿੱਚ ਰਿਪੋਰਟਾਂ ਇਹਨਾਂ ਮਸਲਿਆਂ ਨਾਲ ਜੁੜੀਆਂ ਵੀ ਹੋ ਸਕਦੀਆਂ ਹਨ:

- **ਡੇਨਮਾਰਕ** ਵਿੱਚ, ਤੁਸੀਂ ਇਹਨਾਂ ਮਾਮਲਿਆਂ ਦੀ ਵੀ ਰਿਪੋਰਟ ਕਰ ਸਕਦੇ ਹੋ: ਅਜਿਹੇ ਮਾਮਲੇ ਜੋ ਗੰਭੀਰ ਅਪਰਾਧਾਂ ਜਾਂ ਫਿਰ ਹੋਰ ਗੰਭੀਰ ਮਾਮਲਿਆਂ ਨਾਲ ਜੁੜੇ ਹੁੰਦੇ ਹਨ; ਅਤੇ ਅਜਿਹੀਆਂ ਕਾਰਵਾਈਆਂ ਅਤੇ ਭੁੱਲਾਂ, ਜੋ ਦਾਨਿਸ਼ ਵਿਸਲਬਲੋਅਰ ਪ੍ਰੋਟੈਕਸ਼ਨ ਐਕਟ (Danish Whistleblowers Protection Act) ਦੇ ਪ੍ਰਬੰਧਾਂ ਦੇ ਮੰਤਵਾਂ ਨੂੰ ਦਰਕਿਨਾਰ ਕਰਨਾ ਸੰਭਵ ਬਣਾ ਸਕਦੀਆਂ ਹਨ।
- **ਲਿਥੁਏਨੀਆ** ਵਿੱਚ, ਤੁਸੀਂ ਇਹਨਾਂ ਮਾਮਲਿਆਂ ਦੀ ਵੀ ਰਿਪੋਰਟ ਕਰ ਸਕਦੇ ਹੋ: ਜਨਤਾ ਦੀ ਸੁਰੱਖਿਆ ਅਤੇ ਸਿਹਤ, ਕਿਸੇ ਵਿਅਕਤੀ ਦੀ ਜਾਨ ਜਾਂ ਸਿਹਤ ਨੂੰ ਖਤਰੇ ਨਾਲ ਜੁੜੀਆਂ ਚਿੰਤਾਵਾਂ; ਵਾਤਾਵਰਣ ਨੂੰ ਖਤਰੇ; ਕਨੂੰਨ ਲਾਗੂ ਕਰਨ ਵਾਲੀਆਂ ਜਾਂਚ-ਪੜਤਾਲਾਂ ਜਾਂ ਨਿਆਂ ਦੇਣ ਦੀ ਪ੍ਰਕਿਰਿਆ ਵਿੱਚ ਰੁਕਾਵਟ ਪਾਉਣ ਜਾਂ ਗਲਤ ਤਰੀਕੇ ਪ੍ਰਭਾਵਿਤ ਕਰਨ; ਗੈਰ-ਕਨੂੰਨੀ ਗਤੀਵਿਧੀਆਂ ਲਈ ਪੈਸਿਆਂ ਦਾ ਇੰਤਜ਼ਾਮ ਕਰਨ, ਜਨਤਕ ਫੰਡਾਂ ਜਾਂ ਸੰਪੱਤੀ ਦੀ ਗੈਰ-ਕਨੂੰਨੀ ਜਾਂ ਅਪਾਰਦਰਸ਼ੀ ਢੰਗ ਨਾਲ ਵਰਤੋਂ ਕਰਨਾ; ਗੈਰ-ਕਨੂੰਨੀ ਢੰਗ ਨਾਲ ਲਈ ਗਈ ਸੰਪੱਤੀ; ਕੀਤੇ ਗਏ ਉਲੰਘਣ ਕਰਕੇ ਹੋਣ ਵਾਲੇ ਨਤੀਜਿਆਂ ਨੂੰ ਲੁਕਾਉਣਾ, ਇਸ ਵਿੱਚ ਨਤੀਜਿਆਂ ਦੀ ਸੀਮਾ ਨਿਰਧਾਰਤ ਕਰਨ ਵਿੱਚ ਰੁਕਾਵਟ ਪਾਉਣਾ ਵੀ ਸ਼ਾਮਲ ਹੈ; ਅਤੇ ਕਨੂੰਨ ਦੀਆਂ ਹੋਰ ਉਲੰਘਣਾਵਾਂ।
- **ਪੁਰਤਗਾਲ** ਵਿੱਚ, ਤੁਸੀਂ 11 ਜਨਵਰੀ ਦੇ ਕਨੂੰਨ ਨੰ. 5/2002 ਹੇਠ ਆਉਂਦੇ ਸਾਰੇ ਅਪਰਾਧਾਂ ਬਾਰੇ ਵੀ ਰਿਪੋਰਟ ਕਰ ਸਕਦੇ ਹੋ, ਜਿਨ੍ਹਾਂ ਵਿੱਚ ਸ਼ਾਮਲ ਹਨ: ਨਸ਼ਿਆਂ ਦੀ ਤਸਕਰੀ; ਮਨੁੱਖਾਂ ਦੀ ਤਸਕਰੀ; ਅੱਤਵਾਦ, ਅੱਤਵਾਦੀ ਸੰਗਠਨ, ਅੰਤਰਰਾਸ਼ਟਰੀ ਅੱਤਵਾਦ ਅਤੇ ਅੱਤਵਾਦ ਲਈ ਪੈਸਿਆਂ ਦਾ ਇੰਤਜ਼ਾਮ; ਹਥਿਆਰਾਂ ਦੀ ਤਸਕਰੀ; ਮਾਲ ਵੇਚਣ / ਪ੍ਰਚਾਰ ਕਰਨ ਨੂੰ ਪ੍ਰਭਾਵਿਤ ਕਰਨਾ; ਕਿਰਿਆਸ਼ੀਲ ਅਤੇ ਅਕਿਰਿਆਸ਼ੀਲ ਭ੍ਰਿਸ਼ਟਾਚਾਰ, ਸਰਕਾਰੀ ਅਤੇ ਨਿੱਜੀ ਦੋਹਾਂ ਖੇਤਰਾਂ ਵਿੱਚ ਅਤੇ ਅੰਤਰਰਾਸ਼ਟਰੀ ਵਪਾਰ ਵਿੱਚ; ਗਬਣ ਕਰਨਾ; ਕਿਸੇ ਕਾਰੋਬਾਰ ਵਿੱਚ ਵਿੱਤੀ ਹਿੱਤ ਹੋਣਾ; ਕਾਲੇ ਧਨ ਨੂੰ ਸਫੇਦ ਕਰਨਾ; ਅਪਰਾਧਕ ਸਾਂਠ-ਗਾਂਠ; ਬਾਲ ਅਸ਼ਲੀਲਤਾ ਅਤੇ ਲਾਲਚ ਦੇਣਾ; ਧੋਖਾਧੜੀ; ਲਲਚਾਉਣਾ; ਤਸਕਰੀ; ਵਾਹਨਾਂ ਦੀ ਚੋਰੀ ਅਤੇ ਤਸਕਰੀ; ਕੰਪਿਊਟਰ ਅਤੇ ਸੌਫ਼ਟਵੇਅਰ ਨੂੰ ਵਿਗਾੜਨਾ ਅਤੇ ਖਰਾਬ ਕਰਨਾ; ਅਤੇ ਸੌਫ਼ਟਵੇਅਰ ਤੱਕ ਨਜਾਇਜ਼ ਪਹੁੰਚ।
- **ਸਵੀਡਨ** ਵਿੱਚ, ਹੈਲਪਲਾਈਨ ਦੀ ਵਰਤੋਂ ਇੰਸਟ੍ਰਮੈਂਟ ਓਫ ਗਵਰਨਮੈਂਟ (Kungölrelse (1974:152)) ਦੇ ਚੈਪਟਰ 8 ਵਿੱਚ ਕਵਰ ਹੁੰਦੇ ਕਨੂੰਨਾਂ ਦੀ ਉਲੰਘਣਾ ਜਾਂ ਕਿਸੇ ਹੋਰ ਨਿਯਮਾਂ ਦੀ ਉਲੰਘਣਾ ਦੀ ਰਿਪੋਰਟ ਕਰਨ ਜਾਂ ਫਿਰ ਕਿਸੇ ਜਨ-ਹਿੱਤ (ਭਾਵ ਗੰਭੀਰ ਦੁਰਵਿਵਹਾਰ) ਵਾਲੇ ਕੰਮ ਦੇ ਸਿਲਸਿਲੇ ਵਿੱਚ ਗਲਤ ਵਿਵਹਾਰ ਦੀ ਜਾਣਕਾਰੀ ਦੇਣ ਲਈ ਕੀਤੀ ਜਾ ਸਕਦੀ ਹੈ। ਕਿਰਪਾ ਕਰਕੇ ਧਿਆਨ ਦਿਓ ਕਿ ਪ੍ਰੋਟੈਕਟਿਵ ਸਿਕਿਓਰੀਟੀ ਐਕਟ (2018:585) ਦੇ ਤਹਿਤ ਸਵੀਡਨ ਦੀਆਂ ਰਿਪੋਰਟਾਂ ਵਿੱਚ ਗੁਪਤ ਜਾਣਕਾਰੀ ਅਤੇ ਰੱਖਿਆ ਖੇਤਰ ਅਤੇ ਕੌਮੀ ਸੁਰੱਖਿਆ ਨਾਲ ਜੁੜੀ ਜਾਣਕਾਰੀ ਕਵਰ ਨਹੀਂ ਹੋ ਸਕਦੀ ਹੈ।

### ਹੈਲਪਲਾਈਨ ਅਤੇ ਅਨਾਮ ਰੂਪ ਵਿੱਚ ਰਿਪੋਰਟ ਕਰਨ ਦੀ ਸਹੂਲਤ ਦੀ ਇਖਤਿਆਰੀ ਫਿਤਰਤ

ਇਸ ਹੈਲਪਲਾਈਨ ਦੀ ਵਰਤੋਂ ਕਰਨਾ **ਸਵੈ-ਇੱਛਤ** ਹੈ। ਤੁਹਾਨੂੰ ਹੱਲਾਸ਼ੇਰੀ ਦਿੱਤੀ ਜਾਂਦੀ ਹੈ ਕਿ ਤੁਸੀਂ ਹੈਲਪਲਾਈਨ 'ਤੇ ਕਿਸੇ ਮਸਲੇ ਦੀ ਰਿਪੋਰਟ ਕਰਨ ਵੇਲੇ ਆਪਣੀ ਪਛਾਣ ਜ਼ਾਹਰ ਕਰੋ; ਪਰ ਲਾਗੂ ਕਨੂੰਨ ਵਿੱਚ ਇਜਾਜ਼ਤ ਦੀ ਸੀਮਾ ਤੱਕ, ਤੁਹਾਡੇ ਲਈ ਇੰਞ ਕਰਨਾ ਜ਼ਰੂਰੀ ਨਹੀਂ ਹੈ।

**ਹੈਲਪਲਾਈਨ ਸੇਵਾ ਪ੍ਰਦਾਤਾ**

ਕਿਸੇ ਮਸਲੇ ਦੀ ਰਿਪੋਰਟ ਕਰਨ ਲਈ ਤੁਹਾਡੇ ਵੱਲੋਂ ਵਰਤੀ ਜਾਣ ਵਾਲੀ ਵੈੱਬਸਾਈਟ ਅਤੇ ਟੈਲੀਫ਼ੋਨ ਨੂੰ 2255 Carling Ave., Suite 500 Ottawa, Ontario, Canada, K2B 7Z5 ਵਿਖੇ ਸਥਾਪਿਤ i-Sight ਚਲਾਉਂਦੀ ਹੈ, ਜੋ ਹੈਲਪਲਾਈਨ ਵਾਸਤੇ Nokia ਦੀ ਸੁਤੰਤਰ ਸੇਵਾ ਪ੍ਰਦਾਤਾ ਹੈ।

**ਨਿੱਜੀ ਡੇਟਾ ਦਾ ਇਕੱਤਰੀਕਰਨ ਅਤੇ ਕਨੂੰਨੀ ਅਧਾਰ**

Nokia, ਹੈਲਪਲਾਈਨ ਰਾਹੀਂ ਹੇਠਾਂ ਦਿੱਤਾ ਨਿੱਜੀ ਡੇਟਾ ਇਕੱਤਰ ਕਰ ਸਕਦੀ ਹੈ: ਤੁਹਾਡਾ ਨਾਮ, ਸਿਰਲੇਖ ਅਤੇ ਸੰਪਰਕ ਵੇਰਵੇ; ਤੁਹਾਡੀ ਰਿਪੋਰਟ ਵਿੱਚ ਜ਼ਿਕਰ ਕੀਤੇ ਗਏ ਵਿਅਕਤੀਆਂ ਦੇ ਨਾਮ ਅਤੇ ਹੋਰ ਡੇਟਾ; ਤੁਹਾਡੀ ਰਿਪੋਰਟ ਵਿੱਚ ਦੱਸੀ ਗਈ ਸਮੱਸਿਆ ਲਈ ਵਿਵਹਾਰ ਦਾ ਬਿਊਰਾ, ਇਸ ਵਿੱਚ ਤਾਰੀਖ਼ ਅਤੇ ਸਥਾਨ ਵੀ ਸ਼ਾਮਲ ਹਨ, ਇਸਦੇ ਨਾਲ ਹੀ ਹੋਰ ਮਹੱਤਵਪੂਰਨ ਨਿੱਜੀ ਡੇਟਾ ਵੀ; ਅਤੇ ਤੁਹਾਡੇ ਹੋ ਸਕਦੇ ਸਾਰੇ ਸਵਾਲ। Nokia ਕਿਸੇ ਵੀ ਕਿਸਮ ਦੀ ਅਗਲੀ ਜਾਂਚ-ਪੜਤਾਲ ਦੌਰਾਨ ਹੋਰਨਾਂ (ਜਿਵੇਂ ਕਿ ਤੁਹਾਡੇ ਸਾਥੀ-ਕਰਮਚਾਰੀ) ਦਾ ਨਿੱਜੀ ਡੇਟਾ ਵੀ ਇਕੱਤਰ ਕਰ ਸਕਦੀ ਹੈ।

ਤੁਹਾਡੇ ਵੱਲੋਂ ਉਪਲਬਧ ਕਰਵਾਏ ਜਾਂਦੇ ਨਿੱਜੀ ਡੇਟਾ ਨੂੰ ਗੁਪਤ ਰੱਖਿਆ ਜਾਂਦਾ ਹੈ।

Nokia ਉੱਪਰ ਦਿੱਤੇ ਨਿੱਜੀ ਡੇਟਾ ਦੀ ਵਰਤੋਂ ਕਰ ਸਕਦੀ ਹੈ, ਕਿਉਂਕਿ ਸਾਡੇ ਲਈ Nokia 'ਤੇ ਪਾਈ ਗਈ ਕਿਸੇ ਵੀ ਕਨੂੰਨੀ ਜ਼ਿੰਮੇਵਾਰੀ ਦੀ ਪਾਲਣਾ ਜ਼ਰੂਰੀ ਹੁੰਦੀ ਹੈ ਜਾਂ ਫਿਰ ਤੁਹਾਡੇ ਵੱਲੋਂ ਸਾਡੇ ਕੋਲ ਸਬਮਿਟ ਕੀਤੀ ਗਈ ਰਿਪੋਰਟ ਦੀ ਜਾਂਚ-ਪੜਤਾਲ ਕਰਨ ਦਾ ਸਾਡੇ ਕੋਲ ਜਾਇਜ਼ ਅਧਿਕਾਰ ਹੁੰਦਾ ਹੈ।

**ਨਿੱਜੀ ਡੇਟਾ ਉੱਪਰ ਕਾਰਵਾਈ ਕਰਨਾ ਅਤੇ ਨਿੱਜੀ ਡੇਟਾ ਤੱਕ ਪਹੁੰਚ**

ਜਦੋਂ ਤੁਸੀਂ ਹੈਲਪਲਾਈਨ 'ਤੇ ਕਾਲ ਕਰਦੇ ਹੋ, ਉਦੋਂ ਉੱਪਰ ਦੱਸੇ ਮੁਤਾਬਕ ਹੈਲਪਲਾਈਨ ਸੇਵਾ ਪ੍ਰਦਾਤਾ, i-Sight ਦਾ ਇੱਕ ਨੁਮਾਇੰਦਾ ਹੈਲਪਲਾਈਨ 'ਤੇ ਕੀਤੀ ਗਈ ਤੁਹਾਡੀ ਕਾਲ ਦਾ ਜਵਾਬ ਦੇਵੇਗਾ। **ਇਹ ਕਾਲ ਰਿਕਾਰਡ ਨਹੀਂ ਕੀਤੀ ਜਾਂਦੀ ਹੈ**। ਨੁਮਾਇੰਦਾ ਤੁਹਾਡੇ ਤੋਂ ਕਈ ਤਰ੍ਹਾਂ ਦੀ ਜਾਣਕਾਰੀ ਮੰਗੇਗਾ, ਤੁਹਾਡੀ ਇਨਪੁਟ ਨੂੰ ਦਸਤਾਵੇਜ਼ਬੱਧ ਕਰੇਗਾ ਅਤੇ ਜਾਣਕਾਰੀ ਬਾਰੇ ਸਪਸ਼ਟਤਾ ਲੈਣ ਲਈ ਫ਼ਾਲੋ-ਅੱਪ ਸਵਾਲ ਪੁੱਛੇਗਾ। ਕਿਰਪਾ ਕਰਕੇ ਧਿਆਨ ਦਿਓ ਕਿ ਨੁਮਾਇੰਦਾ ਸਦਾਚਾਰ ਜਾਂ ਪਾਲਿਸੀ ਬਾਰੇ ਪੁੱਛੇ ਗਏ ਕਿਸੇ ਵੀ ਸਵਾਲ ਦਾ ਜਵਾਬ ਨਹੀਂ ਦੇ ਸਕਦਾ ਹੈ ਅਤੇ ਨਾ ਹੀ ਤੁਹਾਨੂੰ ਕਾਰਵਾਈ ਸੰਬੰਧੀ ਕੋਈ ਸਲਾਹ ਦੇ ਸਕਦਾ ਹੈ। ਜੇ ਤੁਸੀਂ ਵੈੱਬ ਰਿਪੋਰਟਿੰਗ ਸਾਧਨ ਦੀ ਵਰਤੋਂ ਕਰਦੇ ਹੋ, ਤਾਂ ਇਹੀ ਜਾਣਕਾਰੀ ਇਲੈਕਟ੍ਰਾਨਿਕ ਰੂਪ ਵਿੱਚ ਇਕੱਤਰ ਕੀਤੀ ਜਾਵੇਗੀ।

ਜੇ ਤੁਸੀਂ ਚਾਹੋ, ਤਾਂ ਤੁਸੀਂ ਆਪਣੀ ਚਿੰਤਾ ਜ਼ਾਹਰ ਕਰਨ ਲਈ ਆਹਮੋ-ਸਾਹਮਣੇ ਬੈਠਕੇ ਗੱਲ ਕਰਨ ਲਈ ਵੀ ਕਹਿ ਸਕਦੇ ਹੋ।

ਸ਼ੁਰੂਆਤੀ ਰਿਪੋਰਟ ਜਾਂ ਫਿਰ ਜਾਂਚ-ਪੜਤਾਲ ਦੇ ਬਾਅਦ, i-Sight ਇੱਕ ਵਿਸਥਾਰਤ ਰਿਕਾਰਡ ਤਿਆਰ ਕਰਦੀ ਹੈ ਅਤੇ ਸਿੱਧਾ ਸਦਾਚਾਰ ਅਤੇ ਅਨੁਪਾਲਣ ਸੰਗਠਨ ਦੇ ਅੰਦਰ Nokia ਦੇ ਬਿਜ਼ਨਸ ਇੰਟੀਗ੍ਰੇਟੀ ਗਰੁੱਪ ("BIG") ਨੂੰ ਭੇਜ ਦਿੰਦੀ ਹੈ। ਮਾਮਲੇ ਦੀ ਗੰਭੀਰਤਾ ਦੇ ਮੁਤਾਬਕ, BIG ਰਿਪੋਰਟ ਅਤੇ ਸੰਬੰਧਿਤ ਜਾਣਕਾਰੀ ਨੂੰ Nokia ਦੇ ਢੁੱਕਵੇਂ ਕਰਮਚਾਰੀ ਨਾਲ ਸਾਂਝਾ ਕਰ ਸਕਦੀ ਹੈ, ਜਿਸ ਨੂੰ ਅੱਗੇ ਦੀ ਜਾਂਚ-ਪੜਤਾਲ ਕਰਨ ਅਤੇ ਹੱਲ ਕੱਢਣ ਲਈ ਦੱਸਿਆ ਜਾਣਾ ਜ਼ਰੂਰੀ ਹੈ, ਜਿਵੇਂ ਕਿ ਕਨੂੰਨ

ਅਤੇ ਅਨੁਪਾਲਣ, ਪੀਪਲ ਜਾਂ ਫਿਰ ਔਡਿਟ ਦੇ ਨੁਮਾਇੰਦੇ। ਜਾਂਚ-ਪੜਤਾਲ ਦੇ ਦੌਰਾਨ ਸਾਨੂੰ ਤੁਹਾਡੇ ਤੋਂ ਹੋਰ ਜਾਣਕਾਰੀ ਅਤੇ ਸਫਾਈਆਂ ਦੀ ਲੋੜ ਪੈ ਸਕਦੀ ਹੈ, ਜਿਸ ਮਾਮਲੇ ਵਿੱਚ ਅਸੀਂ ਤੁਹਾਡੇ ਨਾਲ ਦੁਬਾਰਾ ਸੰਪਰਕ ਕਰਾਂਗੇ। ਜ਼ਰੂਰੀ ਮੁਤਾਬਕ, ਕਿਸੇ ਵੀ ਕਿਸਮ ਦੀ ਅਨੁਸ਼ਾਸਨਾਤਮਕ ਕਾਰਵਾਈ ਨਿਰਧਾਰਤ ਕਰਨ ਅਤੇ ਪਾਰਦਰਸ਼ਤਾ ਮੰਤਵਾਂ ਲਈ ਪਤਾ ਚੱਲੇ ਕਿਸੇ ਵੀ ਕਿਸਮ ਦੇ ਉਲੰਘਣ ਬਾਰੇ BIG ਨੂੰ ਪੀਪਲ ਦੇ ਮੈਂਬਰਾਂ ਜਾਂ Nokia ਦੇ ਲੀਡਰਾਂ ਨੂੰ ਵੀ ਦੱਸਣਾ ਪੈ ਸਕਦਾ ਹੈ। ਜਾਣਕਾਰੀ Nokia ਦੇ ਬਾਹਰੀ ਸਲਾਹਕਾਰਾਂ ਨਾਲ ਵੀ ਸਾਂਝੀ ਕੀਤੀ ਜਾ ਸਕਦੀ ਹੈ, ਜਿਵੇਂ ਕਿ ਵਕੀਲ ਅਤੇ/ਜਾਂ ਔਡੀਟਰ ਅਤੇ ਕਾਬਲ ਅਥਾਰਟੀਆਂ, ਜਿਵੇਂ ਕਿ ਰੈਗੂਲੇਟਰ ਅਤੇ/ਜਾਂ ਪੁਲਿਸ। ਲਾਗੂ ਕਨੂੰਨ ਹੇਠ ਸਾਡੀ ਜ਼ਿੰਮੇਵਾਰੀਆਂ ਦੇ ਮੁਤਾਬਕ, ਅਸੀਂ ਜਾਂਚ-ਪੜਤਾਲ ਦਾ ਸਿੱਟਾ ਨਿਕਲਣ ਦੇ ਬਾਅਦ ਕੀਤੀਆਂ ਗਈਆਂ ਕਾਰਵਾਈਆਂ ਅਤੇ ਜਾਂਚ-ਪੜਤਾਲ ਦੀ ਮੌਜੂਦਾ ਸਥਿਤੀ ਬਾਰੇ ਤੁਹਾਨੂੰ ਜਾਣਕਾਰੀ ਦੇਵਾਂਗੇ। Nokia ਦਾ ਮਕਸਦ ਹੈ ਕਿ ਰਿਪੋਰਟ ਵਿੱਚ ਸ਼ਾਮਲ ਹਰੇਕ ਵਿਅਕਤੀ ਨੂੰ ਉਸਦੇ ਖਿਲਾਫ ਲਗਾਏ ਗਏ ਦੋਸ਼ਾਂ ਬਾਰੇ ਸਮੇਂ-ਸਿਰ ਦੱਸਿਆ ਜਾਵੇ, ਪਰ ਹਰ ਸੰਭਵ ਕੋਸ਼ਿਸ਼ ਕੀਤੀ ਜਾਵੇਗੀ ਕਿ ਤੁਹਾਡੀ ਪਛਾਣ ਦਾ ਖੁਲਾਸਾ ਨਾ ਹੋਵੇ। ਰਿਪੋਰਟ ਵਿੱਚ ਸ਼ਾਮਲ ਵਿਅਕਤੀਆਂ ਕੋਲ ਵੀ ਤੁਹਾਡੇ ਵੱਲੋਂ ਦਿੱਤੀ ਗਈ ਜਾਣਕਾਰੀ ਦੇ ਸੰਬੰਧ ਵਿੱਚ ਆਪਣੀ ਗੱਲ ਰੱਖਣ ਦਾ ਅਧਿਕਾਰ ਹੁੰਦਾ ਹੈ। ਕਿਰਪਾ ਕਰਕੇ ਧਿਆਨ ਦਿਓ ਕਿ ਤੁਹਾਡੇ ਵੱਲੋਂ ਉਪਲਬਧ ਕਰਵਾਈ ਜਾਂਦੀ ਜਾਣਕਾਰੀ ਕਰਕੇ ਅਜਿਹਾ ਫੈਸਲਾ ਲਿਆ ਜਾ ਸਕਦਾ ਹੈ, ਜਿਸ ਦਾ ਅਸਰ Nokia ਦੇ ਕਰਮਚਾਰੀਆਂ ਅਤੇ ਘਟਨਾ ਵਿੱਚ ਸ਼ਾਮਲ ਤੀਜੀ-ਧਿਰਾਂ 'ਤੇ ਪੈ ਸਕਦਾ ਹੈ। ਇਸ ਲਈ ਅਸੀਂ ਚਾਹੁੰਦੇ ਹਾਂ ਕਿ ਤੁਸੀਂ ਸਿਰਫ ਉਹੀ ਜਾਣਕਾਰੀ ਉਪਲਬਧ ਕਰਵਾਓ, ਜੋ ਤੁਹਾਡੀ ਜਾਣਕਾਰੀ ਦੇ ਹਿਸਾਬ ਨਾਲ ਬਿਲਕੁਲ ਸਹੀ ਹੈ। ਜਾਣਬੁੱਝਕੇ ਗਲਤ ਜਾਂ ਭਟਕਾਉਣ ਵਾਲੀ ਜਾਣਕਾਰੀ ਉਪਲਬਧ ਕਰਾਉਣ ਕਰਕੇ ਅਨੁਸ਼ਾਸਨਾਤਮਕ ਕਾਰਵਾਈਆਂ ਕੀਤੀਆਂ ਜਾ ਸਕਦੀਆਂ ਹਨ ਜਾਂ ਫਿਰ ਨਾਗਰਿਕ ਜਾਂ ਅਪਰਾਧਕ ਦੇਣਦਾਰੀਆਂ ਨਿਰਧਾਰਤ ਕੀਤੀਆਂ ਜਾ ਸਕਦੀਆਂ ਹਨ। ਇਸ ਤੋਂ ਇਲਾਵਾ, ਜਿੱਥੇ ਸੰਭਵ ਹੋਵੇ, ਹਰ ਰਿਪੋਰਟ ਵਿੱਚ ਸਿਰਫ ਤੱਥ ਹੀ ਹੋਣੇ ਚਾਹੀਦੇ ਹਨ, ਜੋ ਰਿਪੋਰਟ ਅਤੇ ਫ਼ਾਲੋ-ਅੱਪ ਜਾਂਚ-ਪੜਤਾਲ ਦੇ ਨਾਲ ਸੰਬੰਧਿਤ ਹੋਣ।

Nokia ਦੇ ਹਰ ਉਸ ਕਰਮਚਾਰੀ ਦੇ ਖਿਲਾਫ ਬਦਲੇ ਦੀ ਕਾਰਵਾਈ ਕਰਨ ਉੱਪਰ ਪੂਰੀ ਪਾਬੰਦੀ ਹੈ, ਜੋ ਸਲਾਹ ਮੰਗਦਾ ਹੈ, ਕੋਈ ਚਿੰਤਾ ਜ਼ਾਹਰ ਕਰਦਾ ਹੈ, ਦੁਰਵਿਵਹਾਰ ਦੀ ਰਿਪੋਰਟ ਕਰਦਾ ਹੈ ਜਾਂ ਸਾਫ ਨੀਅਤ ਨਾਲ ਕਿਸੇ ਜਾਂਚ-ਪੜਤਾਲ ਵਿੱਚ ਸ਼ਰੀਕ ਹੁੰਦਾ ਹੈ। ਜੇ ਕੋਈ ਕਿਸੇ ਕਰਮਚਾਰੀ ਦੇ ਖਿਲਾਫ ਬਦਲੇ ਦੀ ਕਾਰਵਾਈ ਕਰਦਾ ਹੈ, ਜਿਸਨੇ ਸੱਚਾਈ ਅਤੇ ਸਾਫ ਨੀਅਤ ਨਾਲ ਕਿਸੇ ਉਲੰਘਣ ਦੀ ਰਿਪੋਰਟ ਕੀਤੀ ਹੈ, ਤਾਂ Nokia ਢੁੱਕਵੀਂ ਕਾਰਵਾਈ ਕਰੇਗੀ - ਭਾਵੇਂ ਬਾਅਦ ਵਿੱਚ ਪਤਾ ਚੱਲਦਾ ਹੈ ਕਿ ਕਰਮਚਾਰੀ ਨੂੰ ਅਸਲ ਵਿੱਚ ਕੋਈ ਗਲਤਫ਼ਹਿਮੀ ਹੋ ਗਈ ਸੀ। ਜੇ ਤੁਹਾਨੂੰ ਲੱਗਦਾ ਹੈ ਕਿ ਤੁਹਾਡੇ ਜਾਂ ਸ਼ਾਮਲ ਕਿਸੇ ਹੋਰ ਵਿਅਕਤੀ ਦੇ ਖਿਲਾਫ ਬਦਲੇ ਦੀ ਕਾਰਵਾਈ ਹੋਈ ਹੈ, ਤਾਂ ਤੁਹਾਨੂੰ ਤੁਰੰਤ ਹੀ BIG ਨਾਲ ਸੰਪਰਕ ਕਰਨਾ ਚਾਹੀਦਾ ਹੈ ਜਾਂ ਫਿਰ ਹੈਲਪਲਾਈਨ 'ਤੇ ਕਾਲ ਕਰਨੀ ਚਾਹੀਦੀ ਹੈ।

## ਨਿੱਜੀ ਡੇਟਾ ਦੀ ਵਰਤੋਂ, ਸਾਂਭ ਅਤੇ ਡੇਟਾ ਟ੍ਰਾਂਸਫ਼ਰ

Nokia ਨੇ ਤੁਹਾਡੇ ਨਿੱਜੀ ਡੇਟਾ ਦੀ ਗੁਪਤਤਾ ਅਤੇ ਸੁਰੱਖਿਆ ਦੀ ਰੱਖਿਆ ਕਰਨ ਲਈ i-Sight ਨਾਲ ਇਕਰਾਰ ਕੀਤਾ ਹੋਇਆ ਹੈ ਅਤੇ ਸਿਰਫ਼ i-Sight ਹੀ ਹੈਲਪਲਾਈਨ ਦੇ ਮੰਤਵਾਂ ਲਈ ਤੁਹਾਡੇ ਨਿੱਜੀ ਡੇਟਾ ਦੀ ਵਰਤੋਂ ਕਰ ਸਕਦੀ ਹੈ। ਸਾਨੂੰ i-Sight ਤੋਂ ਮਿਲਣ ਵਾਲੀ ਜਾਣਕਾਰੀ ਅਤੇ ਤੁਹਾਡੇ ਵੱਲੋਂ ਉਪਲਬਧ ਕਰਵਾਇਆ ਜਾਂਦਾ ਨਿੱਜੀ ਡੇਟਾ Nokia ਦੇ ਡੇਟਾਬੇਸ ਵਿੱਚ ਸਟੋਰ ਕੀਤਾ ਜਾਵੇਗਾ ਅਤੇ ਇਸ ਤੱਕ ਪਹੁੰਚ ਬਹੁਤ ਸੀਮਿਤ ਹੋਵੇਗੀ।

i-Sight ਤੋਂ ਇਲਾਵਾ, ਨਿੱਜੀ ਡੇਟਾ ਦੇ ਹੋਰ ਟ੍ਰਾਂਸਫ਼ਰ ਅਜਿਹੇ ਦੇਸ਼ਾਂ ਵਿੱਚ ਕੀਤੇ ਜਾ ਸਕਦੇ ਹਨ, ਜਿਨ੍ਹਾਂ ਦੇ ਡੇਟਾ ਸੁਰੱਖਿਆ ਨਿਯਮ ਉਸ ਦੇਸ਼ ਤੋਂ ਵੱਖਰੇ ਹੋ ਸਕਦੇ ਹਨ, ਜਿੱਥੇ ਤੁਸੀਂ ਕੰਮ ਕਰਦੇ ਹੋ, ਇਸ ਵਿੱਚ ਰਿਪੋਰਟ ਦੀ ਜਾਂਚ-ਪੜਤਾਲ ਕਰਨ ਅਤੇ ਹੈਲਪਲਾਈਨ ਦੇ ਪ੍ਰਬੰਧਨ ਲਈ ਜ਼ਰੂਰੀ ਮੁਤਾਬਕ Nokia ਦੀਆਂ ਹੋਰ ਸਹਿਯੋਗੀ ਕੰਪਨੀਆਂ ਸ਼ਾਮਲ ਹਨ। ਧਿਆਨ ਦਿਓ ਕਿ ਕੁਝ ਗੈਰ-EEA ਦੇਸ਼ਾਂ ਨੂੰ ਯੂਰੋਪੀਅਨ ਕਮੀਸ਼ਨ ਵੱਲੋਂ ਮਾਨਤਾ ਪ੍ਰਾਪਤ ਹੈ ਕਿ ਇਹ EEA ਮਾਣਕਾਂ ਦੇ ਮੁਤਾਬਕ ਢੁੱਕਵੇਂ

ਪੱਧਰ ਦੀ ਸੁਰੱਖਿਆ ਉਪਲਬਧ ਕਰਾਉਂਦੇ ਹਨ। ਜਿਹੜੇ ਦੇਸ਼ਾਂ ਨੂੰ ਢੁੱਕਵੇਂ ਪੱਧਰ ਦੀ ਸੁਰੱਖਿਆ ਉਪਲਬਧ ਕਰਾਉਂਦੇ ਹੋਣ ਦੀ ਮਾਨਤਾ ਪ੍ਰਾਪਤ ਹੈ, ਉਹ ਇੱਥੇ ਉਪਲਬਧ ਹਨ।

ਅਸੀਂ ਟ੍ਰਾਂਸਫ਼ਰ ਕੀਤੇ ਜਾਂਦੇ ਤੁਹਾਡੇ ਨਿੱਜੀ ਡੇਟਾ ਦੀ ਸੁਰੱਖਿਆ ਕਰਨ ਲਈ ਢੁੱਕਵੇਂ ਉਪਾਅ ਕੀਤੇ ਹੋਏ ਹਨ, ਜਿਵੇਂ ਕਿ ਯੂਰੋਪੀਅਨ ਕਮੀਸ਼ਨ ਵੱਲੋਂ ਅਪਣਾਈਆਂ ਗਈਆਂ ਮਾਣਕ ਅਸਥਾਈ ਸ਼ਰਤਾਂ। ਤੁਸੀਂ ਹੇਠਾਂ ਦਿੱਤੇ "ਸਾਡੇ ਨਾਲ ਸੰਪਰਕ ਕਰੋ" ਸੈਕਸ਼ਨ ਵਿੱਚ ਦਿੱਤੀ ਜਾਣਕਾਰੀ ਰਾਹੀਂ ਸਾਡੇ ਨਾਲ ਜਾਂ ਫਿਰ ਸਾਡੇ ਗਰੁੱਪ ਡੇਟਾ ਪ੍ਰੋਟੈਕਸ਼ਨ ਔਫਿਸਰ ਨਾਲ ਸੰਪਰਕ ਕਰਕੇ ਇਹਨਾਂ ਉਪਾਵਾਂ ਦੀ ਇੱਕ ਕਾਪੀ ਪ੍ਰਾਪਤ ਕਰ ਸਕਦੇ ਹੋ।

ਹੈਲਪਲਾਈਨ ਰਾਹੀਂ ਕੀਤੀ ਗਈ ਰਿਪੋਰਟ ਦੇ ਨਾਲ ਜੁੜਿਆ ਨਿੱਜੀ ਡੇਟਾ ਹੇਠਾਂ ਦਿੱਤੇ ਮਾਪਦੰਡਾਂ ਮੁਤਾਬਕ ਸੰਭਾਲਕੇ ਰੱਖਿਆ ਜਾਵੇਗਾ ਜਾਂ ਫਿਰ ਮਿਟਾ ਦਿੱਤਾ ਜਾਵੇਗਾ: ਲਾਗੂ ਕਨੂੰਨ ਦੇ ਮੁਤਾਬਕ ਸੰਭਾਲਕੇ ਰੱਖਣ ਦੀਆਂ ਖ਼ਾਸ ਸ਼ਰਤਾਂ ਦੇ ਤਹਿਤ; ਜਾਂਚ-ਪੜਤਾਲ ਬੰਦ ਕਰ ਦਿੱਤੀ ਗਈ ਹੈ ਅਤੇ ਅੱਗੇ ਕਿਸੇ ਕਾਰਵਾਈ ਦੀ ਲੋੜ ਨਹੀਂ ਹੈ; ਜਦੋਂ ਕਿਸੇ ਸੰਬੰਧਿਤ ਮੁਕੱਦਮੇ ਦਾ ਸਮਾਂ ਲੰਘ ਗਿਆ ਹੋਵੇ; ਅਤੇ ਜਦੋਂ ਜਾਂਚ-ਪੜਤਾਲ ਨਾਲ ਜੁੜੇ ਰਿਕਾਰਡ ਰੱਖਣ ਦੀ ਸਾਡੀ ਜ਼ਿੰਮੇਵਾਰੀਆਂ ਦਾ ਸਮਾਂ ਲੰਘ ਗਿਆ ਹੋਵੇ।

## ਸਾਡੇ ਨਾਲ ਸੰਪਰਕ ਕਰੋ

ਤੁਸੀਂ ਸਾਡੇ ਨਾਲ ਜਾਂ ਫਿਰ ਸਾਡੇ ਗਰੁੱਪ ਡੇਟਾ ਪ੍ਰੋਟੈਕਸ਼ਨ ਔਫਿਸਰ ਨਾਲ ਇਸ ਪਤੇ 'ਤੇ ਸੰਪਰਕ ਕਰ ਸਕਦੇ ਹੋ:

Nokia Corporation c/o Privacy
Karakaari 7
P.O. Box 226
FI-00045 Nokia Group
Finland

ਤੁਸੀਂ ਸਾਡੇ ਨਾਲ ਇੱਥੇ ਉਪਲਬਧ ਫਾਰਮ - ਸਾਡੇ ਨਾਲ ਸੰਪਰਕ ਕਰੋ ਰਾਹੀਂ – ਅਤੇ ਸਵਾਲ ਜਾਂ ਫੀਡਬੈਕ ਲਈ "ਪਰਦੇਦਾਰੀ" ਨੂੰ ਢੁੱਕਵੀਂ ਸ਼੍ਰੇਣੀ ਦੇ ਰੂਪ ਵਿੱਚ ਚੁਣਕੇ ਸਾਡੇ ਨਾਲ ਸੰਪਰਕ ਕਰ ਸਕਦੇ ਹੋ।

ਕਿਰਪਾ ਕਰਕੇ ਸਾਨੂੰ ਕੀਤੀ ਜਾ ਰਹੀ ਈਮੇਲ ਵਿੱਚ ਕ੍ਰੈਡਿਟ ਕਾਰਡ ਜਾਂ ਫਿਰ ਕੋਈ ਹੋਰ ਸੰਵੇਦਨਸ਼ੀਲ ਜਾਣਕਾਰੀ ਨਾ ਸ਼ਾਮਲ ਕਰੋ। ਕਿਰਪਾ ਕਰਕੇ ਕੋਈ ਵੀ ਸੰਵੇਦਨਸ਼ੀਲ ਜਾਣਕਾਰੀ ਸਿਰਫ਼ ਸਾਡੇ ਵੱਲੋਂ ਖ਼ਾਸ ਤੌਰ 'ਤੇ ਬੇਨਤੀ ਕਰਨ ਬਾਅਦ ਹੀ ਭੇਜੋ।

## ਤੁਹਾਡੇ ਅਧਿਕਾਰ

ਜੇ ਤੁਸੀਂ ਨਿੱਜੀ ਡੇਟਾ ਤੱਕ ਪਹੁੰਚ ਕਰਨ, ਠੀਕ ਕਰਨ, ਅੱਪਡੇਟ ਕਰਨ, ਮਿਟਾਉਣ ਜਾਂ ਫਿਰ ਪਾਬੰਦੀ ਲਗਾਉਣ ਦੀ ਬੇਨਤੀ ਕਰਨਾ ਚਾਹੁੰਦੇ ਹੋ, ਤਾਂ ਤੁਸੀਂ ਸਾਡੇ ਨਾਲ ਇੱਥੇ ਉਪਲਬਧ ਫਾਰਮ - ਸਾਡੇ ਨਾਲ ਸੰਪਰਕ ਕਰੋ ਰਾਹੀਂ – ਅਤੇ ਸਵਾਲ ਜਾਂ ਫੀਡਬੈਕ ਲਈ "ਪਰਦੇਦਾਰੀ" ਨੂੰ ਢੁੱਕਵੀਂ ਸ਼੍ਰੇਣੀ ਦੇ ਰੂਪ ਵਿੱਚ ਚੁਣਕੇ ਸਾਡੇ ਨਾਲ ਸੰਪਰਕ ਕਰ ਸਕਦੇ ਹੋ। ਅਸੀਂ ਲਾਗੂ ਕਨੂੰਨ ਦੇ ਹਿਸਾਬ ਨਾਲ ਤੁਹਾਡੀ ਬੇਨਤੀ ਦਾ ਜਵਾਬ ਦੇਵਾਂਗੇ। ਜੇ ਤੁਸੀਂ ਗਰੁੱਪ ਡੇਟਾ ਪ੍ਰੋਟੈਕਸ਼ਨ ਔਫਿਸਰ ਨਾਲ ਸੰਪਰਕ ਕਰਨਾ ਚਾਹੁੰਦੇ ਹੋ, ਤਾਂ ਤੁਸੀਂ ਉੱਪਰ ਦਿੱਤੇ ਲਿੰਕ 'ਤੇ ਕਲਿੱਕ ਕਰਕੇ ਜਾਂ ਫਿਰ ਉੱਪਰ ਦਿੱਤੇ 'ਸਾਡੇ ਨਾਲ ਸੰਪਰਕ ਕਰੋ' ਸੈਕਸ਼ਨ ਵਿੱਚ ਦਿੱਤੀ ਜਾਣਕਾਰੀ ਦੀ ਵਰਤੋਂ ਕਰਕੇ ਅਜਿਹਾ ਕਰ ਸਕਦੇ ਹੋ। ਤੁਹਾਡੇ ਕੋਲ ਹਮੇਸ਼ਾਂ ਆਪਣੇ ਦੇਸ਼ ਜਾਂ ਖੇਤਰ ਦੀ ਸਮਰੱਥ ਸੁਪਰਵਾਈਜ਼ਰੀ ਅਥਾਰਟੀ ਕੋਲ ਸ਼ਿਕਾਇਤ ਦਾਇਰ ਕਰਨ ਦਾ ਅਧਿਕਾਰ ਰਹਿੰਦਾ ਹੈ। ਹੈਲਪਲਾਈਨ ਨਾਲ ਜੁੜੇ ਸਵਾਲ ਵੀ ਉੱਪਰ ਦਿੱਤੇ ਪਤੇ 'ਤੇ ਭੇਜੇ ਜਾ ਸਕਦੇ ਹਨ।

### ਯੂਰਪੀ ਯੂਨੀਅਨ ਦੇ ਮੁਖ਼ਤਿਆਰੀ ਨਿਯਮਾਂ ਹੇਠ ਵਧੀਕ ਅਧਿਕਾਰ

ਜਦੋਂ ਕੋਈ ਰਿਪੋਰਟ ਯੂਰਪੀ ਯੂਨੀਅਨ ਦੇ ਮੁਖ਼ਤਿਆਰੀ ਨਿਯਮਾਂ (ਭਾਵ ਅਜਿਹੇ ਵਿਅਕਤੀਆਂ ਦੀ ਰੱਖਿਆ ਲਈ ਡਾਈਰੈਕਟਿਵ (EU) 2019/1937, ਜੋ ਸੰਘੀ ਕਨੂੰਨ ਅਤੇ ਯੂਰਪੀ ਯੂਨੀਅਨ ਦੇ ਸਦੱਸ ਰਾਜਾਂ ਵਿੱਚ ਇਸਦੇ ਲਾਗੂ ਕਨੂੰਨਾਂ ਦੇ ਉਲੰਘਣ ਦੀ ਰਿਪੋਰਟ ਕਰਦੇ ਹਨ) ਹੇਠ ਕੀਤੀ ਜਾਂਦੀ ਹੈ, ਤਾਂ ਧਿਆਨ ਦਿਓ ਕਿ ਤੁਹਾਡੇ ਕੋਲ, ਕੁਝ ਖ਼ਾਸ ਸ਼ਰਤਾਂ ਹੇਠ, ਯੂਰਪੀ ਯੂਨੀਅਨ ਦੇ ਕਨੂੰਨਾਂ ਦੀ ਉਲੰਘਣਾ ਬਾਰੇ ਆਪਣੀਆਂ ਚਿੰਤਾਵਾਂ ਨੂੰ ਬਾਹਰੀ ਰੂਪ ਵਿੱਚ ਯੂਰਪੀ ਯੂਨੀਅਨ ਦੇ ਸਦੱਸ ਰਾਜਾਂ ਦੀਆਂ ਸਮਰੱਥ ਅਥਾਰਟੀਆਂ ਕੋਲ ਰਿਪੋਰਟ ਕਰਨ ਦਾ ਅਧਿਕਾਰ ਵੀ ਹੋ ਸਕਦਾ ਹੈ। ਹਾਲਾਂਕਿ ਅਸੀਂ ਇਹੀ ਹੱਲਾਸ਼ੇਰੀ ਦੇਵਾਂਗੇ ਕਿ ਤੁਸੀਂ ਪਹਿਲਾਂ Nokia ਦੇ ਮੁੱਖ ਅਨੁਪਾਲਣ ਅਧਿਕਾਰੀ ਨਾਲ ਸੰਪਰਕ ਕਰੋ, ਜੋ ਹੈਲਪਲਾਈਨ ਦੀ ਅਸਰਦਾਰਤਾ ਅਤੇ ਅੱਗੇ ਦੀ ਜਾਂਚ-ਪੜਤਾਲ ਨਾਲ ਜੁੜੀਆਂ ਤੁਹਾਡੀਆਂ ਚਿੰਤਾਵਾਂ ਦਾ ਸੁਤੰਤਰ ਤੌਰ 'ਤੇ ਹੱਲ ਕਰਨ ਦੀ ਕੋਸ਼ਿਸ਼ ਕਰੇਗਾ। ਤੁਸੀਂ ਲਾਗੂ ਸਮਰੱਥ ਅਥਾਰਟੀਆਂ ਦੀ ਸੂਚੀ ਇੱਥੇ ਦੇਖ ਸਕਦੇ ਹੋ।

**ਬਦਲਾਅ**

ਅਸੀਂ ਇਸ ਨੋਟਿਸ ਵਿੱਚ ਸਮੇਂ-ਸਮੇਂ 'ਤੇ ਬਦਲਾਅ ਕਰਦੇ ਰਹਾਂਗੇ। ਕੀਤੇ ਗਏ ਸਾਰੇ ਬਦਲਾਅ ਇਸ ਪੰਨੇ 'ਤੇ ਪੋਸਟ ਕੀਤੇ ਜਾਣਗੇ ਅਤੇ ਨਾਲ ਹੀ ਸੋਧ ਕਰਨ ਦੀ ਤਾਰੀਖ਼ ਵੀ ਲਿਖੀ ਹੋਵੇਗੀ। ਜੇ ਅਸੀਂ ਕੋਈ ਮਹੱਤਵਪੂਰਨ ਬਦਲਾਅ ਕਰਦੇ ਹਾਂ, ਤਾਂ ਅਸੀਂ ਹੈਲਪਲਾਈਨ ਰਾਹੀਂ ਜਾਂ ਫਿਰ ਕਿਸੇ ਹੋਰ ਤਰੀਕੇ ਨੋਟਿਸ ਉਪਲਬਧ ਕਰਵਾਵਾਂਗੇ।

ਆਖਰੀ ਵਾਰ 9 ਮਾਰਚ 2022 ਨੂੰ ਅਪਡੇਟ ਕੀਤਾ ਗਿਆ ਸੀ